**ਦਫਤਰ ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ ਚੰਡੀਗੜ੍ਹ ।**
(ਰਿਣ ਸਾਖਾ-1)

ਵੱਲ

ਬਰਾਂਚ ਮੈਨੇਜਰ,
ਪੰਜਾਬ ਰਾਜ ਸਹਿਕਾਰੀ ਬੈਂਕ ਲਿਮ:
ਸੈਕਟਰ 17 ਚੰਡੀਗੜ੍ਹ ।

ਮੀਮੋ ਨੰ:ਰਸਸ/ਰਿਣ-1/ਸੀ.ਏ 2/80%/ਫਿਰੋਜ਼ਪੁਰ/ 13764 ਮਿਤੀ/ 26-10-18

ਵਿਸ਼ਾ: ਪ੍ਰਾਇਮਰੀ ਖੇਤੀਬਾੜੀ/ਬਹੁਮੰਤਵੀ ਸਹਿਕਾਰੀ ਸਭਾਵਾਂ ਵੱਲੋ 80% ਸਬਸਿਡੀ ਤਹਿਤ ਖਰੀਦ ਕੀਤੇ ਸੰਦਾਂ ਦੀ ਲੋੜੀਂਦੀ ਸਬਸਿਡੀ ਜਾਰੀ ਕਰਨ ਸਬੰਧੀ ।

ਉਪਰੋਕਤ ਵਿਸ਼ੇ ਸਬੰਧੀ ਉਪ ਰਜਿਸਟਰਾਰ,ਸਹਿਕਾਰੀ ਸਭਾਵਾਂ, ਫਿਰੋਜਪੁਰ ਵੱਲੋ ਆਪਣੇ ਪੱਤਰ ਨੰਬਰ/ਉ.ਰ.ਫਾ/2040 ਮਿਤੀ 17-10-18 ਰਾਹੀ ਵੱਲੋ ਸਰਕਲ ਦੀਆਂ 3 ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਵੱਲੋ In-Situ Management of Crop Residue ਸਕੀਮ ਤਹਿਤ ਖਰੀਦੇ ਗਏ 5 ਸੰਦਾਂ ਤੇ ਸਕੀਮ ਅਨੁਸਾਰ ਬਣਦੀ 80% ਸਬਸਿਡੀ ਜਾਰੀ ਕਰਨ ਲਈ ਇਸ ਦਫਤਰ ਨੂੰ ਲਿਖਿਆ ਗਿਆ ਹੈ। ਇਸ ਤਜਵੀਜ ਤੇ ਵਿਚਾਰ ਕਰਨ ਉਪਰੰਤ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਨਾਲ ਨੱਥੀ ਪ੍ਰੋਫਾਰਮੇ ਵਿੱਚ ਦਰਜ 3 ਸਭਾਵਾਂ ਦੀ 80% ਦੇ ਹਿਸਾਬ ਨਾਲ ਬਣਦੀ ਸਬਸਿਡੀ ਦੀ ਰਕਮ ਸਭਾ ਦੇ ਸਾਹਮਣੇ ਪ੍ਰੋਫਾਰਮੇ ਵਿਚ ਦਰਜ ਮੈਨੂਫੈਕਚਰਾਂ/ਡੀਲਰਾਂ/ਸਭਾ ਦੇ ਖਾਤੇ ਵਿੱਚ ਟਰਾਂਸਫਰ ਕੀਤੀ ਜਾਵੇ । ਇਸ ਸਭਾ ਦੀ 5 ਸੰਦਾਂ ਦੀ ਸਬਸਿਡੀ ਦੀ ਕੁੱਲ ਰਕਮ ਮੁਬ: 4,79,200/-( ਚਾਰ ਲੱਖ ਉਨਾਸੀ ਹਜਾਰ ਦੋ ਸੋ ) ਰੁਪੈ ਬਣਦੀ ਹੈ। ਇਹ ਰਕਮ ਇਸ ਦਫਤਰ ਵੱਲੋ ਖੋਲੇ ਗਏ ਸੇਵਿੰਗ ਖਾਤਾ ਨੰ:000234003100001 ਵਿੱਚੋ ਟਰਾਂਸਫਰ ਕੀਤੀ ਜਾਵੇ।

ਇਹ ਪੱਤਰ ਰ.ਸ.ਸ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾ ਰਿਹਾ ਹੈ ।

ਨੱਥੀ/ਉਕਤ ਅਨੁਸਾਰ

ਸੰਯੁਕਤ ਰਜਿਸਟਰਾਰ (।)
ਵਾ:ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ,
ਚੰਡੀਗੜ੍ਹ।

ਪਿੱਠ ਅੰਕਣ ਨੰ:ਰਸਸ/ਰਿਣ-1/ 13765-66 ਮਿਤੀ/

ਉਪਰੋਕਤ ਦਾ ਉਤਾਰਾ:-

1. ਉਪ ਰਜਿਸਟਰਾਰ,ਸਹਿਕਾਰੀ ਸਭਾਵਾਂ, ਫਿਰੋਜਪੁਰ ਨੂੰ ਉਨਾਂ ਦੇ ਪੱਤਰ ਨੰਬਰ/ਉ.ਰ.ਫਾ/2040 ਮਿਤੀ 17-10-18 ਦੇ ਹਵਾਲੇ ਵਿਚ ਭੇਜਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਰਾਸੀ ਰਲੀਜ ਹੋਣ ਸਬੰਧੀ ਸਬੰਧਤ ਡੀਲਰਾਂ/ਮੈਨੂਫੈਕਚਰਾਂ/ਸਭਾਵਾਂ ਆਦਿ ਨੂੰ ਤੁਰੰਤ ਸੂਚਿਤ ਕੀਤਾ ਜਾਵੇ।
2. ਸੰਯੁਕਤ ਰਜਿਸਟਰਾਰ,ਸਹਿਕਾਰੀ ਸਭਾਵਾਂ, ਫਿਰੋਜਪੁਰ ਇੰਨਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ ।

ਸੰਯੁਕਤ ਰਜਿਸਟਰਾਰ (।)
ਵਾ:ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ,
ਚੰਡੀਗੜ੍ਹ

ਬੇਟੀ-ਬਚਾਓ ਬੇਟੀ ਪੜਾਓ

# ਦਫਤਰ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਿਰੋਜ਼ਪੁਰ।

ਕਮਰਾ ਨੰ: ਬੀ-124 ਬੀ-ਬਲਾਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫਿਰੋਜ਼ਪੁਰ
01632-241686 *Email I.D. drferozepur@gmail.com*

ਸੇਵਾ ਵਿਖੇ

ਮਾਨਯੋਗ ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ ਚੰਡੀਗੜ੍ਹ।

ਨੰ:ਐਸ.ਏ/ਡੀ.ਆਰ.ਐਫ/ 3040 ਮਿਤੀ 17/10/18

ਵਿਸ਼ਾ:- ਪ੍ਰਾਇਮਰੀ ਖੇਤੀਬਾੜੀ/ਬਹੁਮੰਤਵੀ ਸਹਿਕਾਰੀ ਸਭਾਵਾਂ ਵੱਲੋਂ 80% ਸਬਸਿਡੀ ਤਹਿਤ ਖਰੀਦ ਕੀਤੇ ਸੰਦਾਂ ਦੇ ਕਲੇਮ ਸਬੰਧੀ।

ਯਾਦ ਪੱਤਰ

ਉਪਰੋਕਤ ਵਿਸ਼ੇ ਅਤੇ ਹਵਾਲੇ ਸਬੰਧੀ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਜਿਲ੍ਹੇ ਦੀਆਂ ਹੇਠ ਲਿਖੀਆਂ ਪ੍ਰਾਇਮਰੀ ਖੇਤੀਬਾੜੀ/ਬਹੁਮੰਤਵੀ ਸਹਿਕਾਰੀ ਸਭਾਵਾਂ ਵੱਲੋਂ ਸਬਸਿਡੀ ਤਹਿਤ ਖਰੀਦ ਕੀਤੇ ਸੰਦਾਂ ਦੇ ਕਲੇਮ ਸਬੰਧੀ ਕੇਸ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਿਰੋਜ਼ਪੁਰ ਵੱਲੋਂ ਆਪਣੇ ਦਫਤਰ ਦੇ ਪੱਤਰ ਨੰ: 2740 ਮਿਤੀ 17.10.2018 ਰਾਹੀ ਨਿਰਧਾਰਤ ਪ੍ਰੋਫਾਰਮੇ ਤੇ ਇਸ ਦਫਤਰ ਨੂੰ ਪ੍ਰਾਪਤ ਹੋਏ ਹਨ। ਜੋ ਕਿ ਹੇਠ ਲਿਖੇ ਅਨੁਸਾਰ ਸਬੰਧਤ ਪ੍ਰੋਫਾਰਮੇ ਤੇ ਇਸ ਪੱਤਰ ਨਾਲ ਨੱਥੀ ਕਰਕੇ ਅਗਲੀ ਯੋਗ ਕਾਰਵਾਈ ਹਿੱਤ ਭੇਜੇ ਜਾਂਦੇ ਹਨ ਜੀ।

| ਲੜੀ ਨੰ: | ਜਿਲ੍ਹੇ ਦਾ ਨਾਮ | ਸਰਕਲ | ਸਭਾ ਦਾ ਨਾਮ ਐਮ.ਪੀ.ਸੀ.ਏ.ਐਸ.ਲਿਮ: |
|---|---|---|---|
| 1 | ਫਿਰੋਜ਼ਪੁਰ | ਫਿਰੋਜ਼ਪੁਰ | ਦੀ ਚੁਗੱਤੇ ਵਾਲਾ |
| 2 | -ਉਕਤ- | -ਉਕਤ- | ਦੀ ਚੰਗਾਲੀ ਖੱਤਰੀਆਂ |
| 3 | -ਉਕਤ- | -ਉਕਤ- | ਦੀ ਪੀਰ ਇਸਮਾਈਲ ਖਾਂ |

ਨੱਥੀ:-

1. ਸਭਾ ਵਾਈਜ਼ ਵੈਰੀਫਿਕੇਸ਼ਨ ਪ੍ਰੋਫਾਰਮਾ।
2. ਨਰੀਖਕ ਵੱਲੋਂ ਸਭਾ ਵਾਈਜ਼ ਵੈਰੀਫਿਕੇਸ਼ਨ ਸਰਟੀਫਿਕੇਟ।
3. ਸਭਾ ਵਾਈਜ਼ ਸੰਦਾਂ ਦੇ ਤਸਦੀਕਸ਼ੁਦਾ ਬਿੱਲਾਂ ਦੀ ਕਾਪੀ।

17/10/2018
ਉਪ ਰਜਿਸਟਰਾਰ,
ਸਹਿਕਾਰੀ ਸਭਾਵਾਂ, ਫਿਰੋਜ਼ਪੁਰ।

ਪਿੱਠ ਅੰਕਣ ਨੰ:ਐਸ.ਏ/ਡੀ.ਆਰ.ਐਫ/ ਮਿਤੀ

ਉਪਰੋਕਤ ਦਾ ਉਤਾਰਾ:- ਮਾਨਯੋਗ ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਿਰੋਜ਼ਪੁਰ ਮੰਡਲ, ਫਿਰੋਜ਼ਪੁਰ ਜੀ ਨੂੰ ਸੂਚਨਾ ਹਿੱਤ।

ਸਹੀ/-
ਉਪ ਰਜਿਸਟਰਾਰ,
ਸਹਿਕਾਰੀ ਸਭਾਵਾਂ, ਫਿਰੋਜ਼ਪੁਰ।

26 OCT 2018
6053
2931

# ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਿਰੋਜ਼ਪੁਰ।

ਸੇਵਾ ਵਿਖੇ,

ਉਪ ਰਜਿਸਟਰਾਰ,
ਸਹਿਕਾਰੀ ਸਭਾਵਾਂ, ਫਿਰੋਜ਼ਪੁਰ।
ਨੰ:ਐਸ.ਏ./ਸ.ਰ.ਫਿ/..2750...... ਮਿਤੀ 17.4.18

ਵਿਸ਼ਾ:- **ਫਿਰੋਜ਼ਪੁਰ ਸਰਕਲ ਅਧੀਨ ਸਹਿਕਾਰੀ ਖੇਤੀਬਾੜੀ ਸਭਾਵਾਂ ਵੱਲੋਂ ਸਬਸੀਡੀ ਵਾਲੇ ਖੇਤੀਬਾੜੀ ਸੰਦਾ ਦੀ ਖਰੀਦ ਕਰਨ ਉਪਰੰਤ ਸਭਾਵਾਂ ਵਿੱਚ ਡਲੀਵਰ ਹੋਏ ਸੰਦਾਂ ਦੀ ਸਬਸੀਡੀ ਕਲੇਮ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਕਿ ਕੇਂਦਰ ਸਰਕਾਰ ਦੀ In-Situ Management of Crop Residue Scheme ਅਧੀਨ ਇਸ ਸਰਕਲ ਦੀਆ ਸਹਿਕਾਰੀ ਖੇਤੀਬਾੜੀ ਸਭਾਵਾਂ ਵੱਲੋਂ ਸਬਸਿਡੀ ਵਾਲੇ ਖੇਤੀਬਾੜੀ ਸੰਦਾ ਦੇ ਆਰਡਰ ਪੋਰਟਲ ਤੇ ਰਜਿਸਟਰਡ ਡੀਲਰ/ਮੈਨੂਫੈਕਚਰਰ ਨੂੰ ਦਿੱਤੇ ਗਏ ਹਨ। ਇਸ ਪੱਤਰ ਨਾਲ ਨੱਥੀ ਲਿਸਟ ਵਿੱਚ ਦਰਜ਼ ਸਭਾਵਾਂ (ਤਿੰਨ) ਵੱਲੋਂ 5 ਸੰਦਾਂ ਤੇ 20% ਡਾਊਨ ਪੇਮੈਂਟ ਡੀਲਰ ਨੂੰ ਦਿੱਤੀ ਜਾ ਚੁੱਕੀ ਹੈ। ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਸਭਾਵਾਂ ਦੀ 80% ਸਬਸਿਡੀ ਦੀ ਰਕਮ ਜ਼ਾਰੀ ਕੀਤੀ ਜਾਵੇ ਤਾਂ ਜੋ ਡੀਲਰ ਨੂੰ ਸੰਦਾਂ ਦੀ ਕੁੱਲ ਕੀਮਤ ਦੀ ਅਦਾਇਗੀ ਕੀਤੀ ਜਾ ਸਕੇ।

ਨੱਥੀ:

1. ਸਭਾ ਵਾਈਜ਼ ਵੈਰੀਫਿਕੇਸ਼ਨ ਪ੍ਰੋਫਾਰਮਾ।
2. ਨਰੀਖਕ ਵੱਲੋਂ ਸਭਾ ਵਾਈਜ਼ ਵੈਰੀਫਿਕੇਸ਼ਨ ਸਰਟੀਫਿਕੇਟ।
3. ਸਭਾ ਵਾਈਜ਼ ਸੰਦਾ ਦੇ ਤਸਦੀਕ ਸ਼ੁਦਾ ਬਿਲ੍ਹਾ ਦੀ ਕਾਪੀ।

ਸਹਾਇਕ ਰਜਿਸਟਰਾਰ, 16/4/18
ਸਹਿਕਾਰੀ ਸਭਾਵਾਂ, ਫਿਰੋਜ਼ਪੁਰ।
ਮਿਤੀ

ਪਿੱਠ ਅੰਕਣ ਨੰ:
ਉਪਰੋਕਤ ਦਾ ਉਤਾਰਾ:-

1. ਮਾਨਯੋਗ ਸਯੁੰਕਤ ਰਜਿਸਟਰਾਰ,ਸਹਿਕਾਰੀ ਸਭਾਵਾਂ,ਫਿਰੋਜ਼ਪੁਰ ਮੰਡਲ, ਫਿਰੋਜ਼ਪੁਰ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਸਹੀ/-
ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ,ਫਿਰੋਜ਼ਪੁਰ।

## ਪ੍ਰਾਈਮਰੀ ਖੇਤੀਬਾੜੀ/ਬਹੁਮਤਵੀ ਸਹਿਕਾਰੀ ਸਭਾਵਾਂ ਵੱਲੋਂ 80% ਸਬਸਿਡੀ ਤਹਿਤ ਖਰੀਦ ਕੀਤੇ ਸੰਦਾਂ ਦੇ ਕਲੇਮ ਸਬੰਧੀ ਪ੍ਰਫਾਰਮਾ

### ਸਰਕਲ ਸਹਾਇਕ ਰਜਿਸਟਰਾਰ,ਸਹਿਕਾਰੀ ਸਭਾਵਾਂ,ਫਿਰੋਜ਼ਪੁਰ।

| ਲੜੀ ਨੰ | ਸਰਕਲ ਦਾ ਨਾਮ | ਸਭਾ ਦਾ ਨਾਮ | ਸੰਦਾਂ ਦੇ ਨਾਮ (ਬਿਲ ਨੰ ਅਤੇ ਮਿਤੀ) | | | | | | ਖੇਤੀਬਾੜੀ/ਭਾਰਤ ਸਰਕਾਰ ਵੱਲੋਂ ਨਿਰਧਾਰਤ ਕੀਮਤ | ਸਭਾ ਵੱਲੋਂ ਖਰੀਦ ਕੀਤੇ ਸੰਦਾਂ ਦੀ ਕੀਮਤ (ਪ੍ਰਤੀ ਸੰਦ) | ਕੁੱਲ ਕੀਮਤ | 80% ਦੇ ਹਿਸਾਬ ਨਾਲ ਬਣਦੀ ਸਬਸਿਡੀ ਦੀ ਰਕਮ | ਲਾਭਪਾਤਰੀ/ ਫਰਮ ਦਾ ਨਾਮ | ਖਾਤਾ ਨੰ | ਆਈ.ਐੱਫ.ਸੀ.ਕੋਡ | ਬੈਂਕ ਅਤੇ ਸਾਖਾ ਦਾ ਨਾਮ |
|---|---|---|---|---|---|---|---|---|---|---|---|---|---|---|---|---|
| | | | ਸੰਦਾਂ ਦੇ ਨਾਮ | ਬਿਲ ਨੰ | ਮਿਤੀ | ਮੈਨੂਫੈਕਚਰਰ ਦਾ ਨਾਮ | ਡੀਲਰ ਦਾ ਨਾਮ | ਸੰਦਾਂ ਦੀ ਗਿਣਤੀ | | | | | | | | |
| 1 | ਫਿਰੋਜ਼ਪੁਰ | ਦੀ ਚੁੱਗਤੇ ਵਾਲਾ | ਰੋਟਾਵੇਟਰ | 50 | 24.08.2018 | ਸ਼ਕਤੀਮਾਨ | ਸ਼ੇਰੇ ਪੰਜਾਬ ਟ੍ਰੇਡਿੰਗ ਕੰਪਨੀ | 1 | 95000 | 97000 | 95000 | 76000 | ਸ਼ੇਰੇ ਪੰਜਾਬ ਟ੍ਰੇਡਿੰਗ ਕੰਪਨੀ | 196713100001884 | ANDB0001967 | ANDHRA BANK FEROZEPUR |
| 2 | | ਦੀ ਚੁੱਗਤੇ ਵਾਲਾ | ਮਲਚਰ | 57 | 31.08.2018 | ਸ਼ਕਤੀਮਾਨ | ਸ਼ੇਰੇ ਪੰਜਾਬ ਟ੍ਰੇਡਿੰਗ ਕੰਪਨੀ | 1 | 157000 | 157000 | 157000 | 125600 | ਸ਼ੇਰੇ ਪੰਜਾਬ ਟ੍ਰੇਡਿੰਗ ਕੰਪਨੀ | 196713100001884 | ANDB0001967 | ANDHRA BANK FEROZEPUR |
| 3 | | ਦੀ ਚੰਗਾਲੀ ਖਤਰੀਆ | ਰੋਟਾਵੇਟਰ | 74 | 11.10.2018 | ਸ਼ਕਤੀਮਾਨ | ਸ਼ੇਰੇ ਪੰਜਾਬ ਟ੍ਰੇਡਿੰਗ ਕੰਪਨੀ | 1 | 95000 | 100000 | 95000 | 76000 | ਸ਼ੇਰੇ ਪੰਜਾਬ ਟ੍ਰੇਡਿੰਗ ਕੰਪਨੀ | 196713100001884 | ANDB0001967 | ANDHRA BANK FEROZEPUR |
| 4 | | ਦੀ ਚੰਗਾਲੀ ਖਤਰੀਆ | ਮਲਚਰ | 76 | 12.10.2018 | ਸ਼ਕਤੀਮਾਨ | ਸ਼ੇਰੇ ਪੰਜਾਬ ਟ੍ਰੇਡਿੰਗ ਕੰਪਨੀ | 1 | 157000 | 177000 | 157000 | 125600 | ਸ਼ੇਰੇ ਪੰਜਾਬ ਟ੍ਰੇਡਿੰਗ ਕੰਪਨੀ | 196713100001884 | ANDB0001967 | ANDHRA BANK FEROZEPUR |
| 5 | | ਦੀ ਪੀਰ ਇਸਮਾਈਲ ਖਾਂ | ਰੋਟਾਵੇਟਰ | 86 | 12.10.2018 | ਤੀਰਥ ਐਗਰੋ ਟੈਕਨੋ. | ਸ਼ੇਰੇ ਪੰਜਾਬ ਟ੍ਰੇਡਿੰਗ ਕੰਪਨੀ | 1 | 95000 | 100000 | 95000 | 76000 | ਸ਼ੇਰੇ ਪੰਜਾਬ ਟ੍ਰੇਡਿੰਗ ਕੰਪਨੀ | 196713100001884 | ANDB0001967 | ANDHRA BANK FEROZEPUR |
| | | ਕੁੱਲ ਜੋੜ | | | | | | 5 | 599000 | 631000 | 599000 | 479200 | | | | |

ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ,ਫਿਰੋਜ਼ਪੁਰ।